**Orders of Station Allotments, Science 3704**

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।**

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਸ-8, ਐਸ.ਏ.ਐਸ ਨਗਰ)

**ਹੁਕਮ ਨੰ: DPISE-EST20APPT(APPT)/4/2021-ESTABLISHMENT-2-DPISE**

**ਮਿਤੀ:- 25-09-2021**

1.0 ਸਿੱਖਿਆ ਵਿਭਾਗ, ਪੰਜਾਬ ਵਿੱਚ ਮਾਸਟਰ ਕਾਡਰ ਦੀਆਂ ਵੱਖ-ਵੱਖ ਵਿਸ਼ਿਆਂ ਦੀਆਂ 3704 ਆਸਾਮੀਆਂ ਭਰਨ ਲਈ ਮਿਤੀ 28.02.2020-25.10.2020 ਨੂੰ ਇਸਤਿਹਾਰ ਦਿੱਤਾ ਗਿਆ ਸੀ। ਇਸ ਉਪਰੰਤ ਸਿਲੈਕਟ ਹੋਏ ਉਮੀਦਵਾਰਾਂ ਦੀ ਸੂਚੀ ਵੱਖ-ਵੱਖ ਮਿਤੀਆਂ ਨੂੰ ਵਿਭਾਗ ਦੀ ਵੈਬਸਾਇਟ http://educationrecruitmentboard.com ਤੇ ਅਪਲੋਡ ਕੀਤੀ ਗਈ ਸੀ। ਇਹਨਾਂ ਸਿਲੈਕਟ ਹੋਏ ਉਮੀਦਵਾਰਾਂ ਨੂੰ ਵੱਖ-ਵੱਖ ਮਿਤੀਆਂ ਨੂੰ ਨਿਯੁੱਕਤੀ ਪੱਤਰ ਜ਼ਾਰੀ ਕੀਤੇ ਗਏ ਸਨ।

2.0 ਇਹਨਾਂ ਨੂੰ ਜ਼ਾਰੀ ਨਿਯੁੱਕਤੀ ਪੱਤਰ ਦੀ ਲਗਾਤਾਰਤਾ ਵਿੱਚ ਹੁਣ ਹੇਠਾਂ ਦਰਸਾਏ **ਸਾਇੰਸ ਅਧਿਆਪਕਾਂ** ਨੂੰ ਉਹਨਾਂ ਦੇ ਨਾਵਾਂ ਸਾਹਮਣੇ ਦਰਸਾਏ ਅਨੁਸਾਰ ਸਟੇਸ਼ਨ ਅਲਾਟ ਕੀਤੇ ਜਾਂਦੇ ਹਨ:-

| SR. NO. | SELCTION IN CATEGORY | REG. NO | NAME | FATHER NAME | ALLOTED SCHOOL | BLOCK | DISTRICT |
|---|---|---|---|---|---|---|---|
| 1 | SC (R&O) | 2011893 | NISHA | SH. RAJ KUMAR | GSSS TARAGARH (B) | NAROT JAIMAL SINGH | PATHANKOT |
| 2 | SC (R&O) | 2062967 | KAMALPREET SINGH | DALBARA SINGH | GSSS LALA NANGAL | FATEHGARH CHURIAN | GURDASPUR |

3.0 ਉਪਰੋਕਤ ਅਧਿਆਪਕਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਪਣਾ ਮੈਡੀਕਲ ਕਰਵਾਉਣ ਉਪਰੰਤ ਤਾਇਨਾਤੀ ਵਾਲੇ ਸਟੇਸ਼ਨ ਤੇ ਤੱਤਕਾਲ ਆਪਣੀ ਹਾਜ਼ਰੀ ਰਿਪੋਰਟ ਪੇਸ਼ ਕਰਨਗੇ।

4.0 ਉਪਰੋਕਤ ਅਧਿਆਪਕ ਸਕੂਲ ਵਿਖੇ ਹਾਜ਼ਰ ਹੋਣ ਸਮੇਂ ਆਪਣੇ ਨਾਲ ਅਪਲਾਈ ਕਰਨ ਦਾ ਸਬੂਤ, ਅਸਲ ਆਧਾਰ ਕਾਰਡ, ਅਤੇ ਅਸਲ ਨਿਯੁੱਕਤੀ ਪੱਤਰ ਵੀ ਲੈ ਕੇ ਜਾਣਗੇ।

5.0 ਕਿਸੇ ਵੀ ਅਧਿਆਪਕ ਵੱਲੋਂ ਆਪਣੀ ਹਾਜ਼ਰੀ ਰਿਪੋਰਟ ਵੱਖਰੇ ਤੌਰ ਤੇ ਡਾਇਰੈਕਟੋਰੇਟ ਨੂੰ ਨਹੀਂ ਭੇਜੀ ਜਾਵੇਗੀ।

6.0 ਉਪਰੋਕਤ ਅਧਿਆਪਕ ਆਪਣੀ ਹਾਜ਼ਰੀ ਉਪਰੰਤ ਆਪਣਾ ਸਾਰਾ ਡਾਟਾ ਈ-ਪੰਜਾਬ ਪੋਰਟਲ ਤੇ 7 ਦਿਨਾਂ ਦੇ ਅੰਦਰ-ਅੰਦਰ ਅਪਲੋਡ ਕਰਨਾ ਯਕੀਨੀ ਬਣਾਉਣਗੇ। ਡਾਇਰੈਕਟੋਰੇਟ ਵੱਲੋਂ ਅਧਿਆਪਕਾਂ ਦੀ ਹਾਜ਼ਰੀ ਸਬੰਧੀ ਰਿਪੋਰਟ ਈ-ਪੰਜਾਬ ਪੋਰਟਲ ਤੋਂ ਹੀ ਪ੍ਰਾਪਤ ਕੀਤੀ ਜਾਵੇਗੀ। ਅਗਰ ਕਿਸੇ ਅਧਿਆਪਕ ਵੱਲੋਂ ਆਪਣਾ ਡਾਟਾ ਈ-ਪੰਜਾਬ ਪੋਰਟਲ ਤੇ 7 ਦਿਨਾਂ ਦੇ ਅੰਦਰ-ਅੰਦਰ ਅਪਲੋਡ ਨਹੀਂ ਕੀਤਾ ਜਾਂਦਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਨੌਕਰੀ ਕਰਨ ਵਿੱਚ ਰੂਚੀ ਨਹੀਂ ਰੱਖਦਾ ਇਸ ਲਈ ਉਸਨੂੰ ਗੈਰਹਾਜ਼ਰ ਸਮਝਦੇ ਹੋਏ ਉਸ ਦਾਂ ਸੇਵਾਵਾਂ ਖਤਮ ਕਰਨ ਲਈ ਕਾਰਵਾਈ ਆਰੰਭੀ ਜਾਵੇਗੀ।

7.0 ਬਾਕੀ ਸ਼ਰਤਾਂ ਅਧਿਆਪਕ ਨੂੰ ਜ਼ਾਰੀ ਨਿਯੁੱਕਤੀ ਪੱਤਰ ਵਾਲੀਆਂ ਹੀ ਲਾਗੂ ਹੋਣਗੀਆਂ।

**ਸੁਖਜੀਤ ਪਾਲ ਸਿੰਘ,**

**ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ**

ਪਿੱਠ ਅੰਕਣ ਨੰ: ਉਕਤ 2021330826 ਮਿਤੀ: 25-09-2021

ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਪੰਜਾਬ।
3. ਸਬੰਧਤ ਸਕੂਲ ਮੁੱਖੀ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਹਨਾਂ ਅਧਿਆਪਕਾਂ ਦੀਆਂ ਸਿਲੈਕਸ਼ਨ ਲਿਸਟਾਂ ਪਹਿਲਾਂ ਹੀ ਵਿਭਾਗ ਦੀ ਵੈਬ ਸਾਇਟ http://educationrecruitmentboard.com ਤੇ ਅਪਲੋਡ ਕੀਤੀਆਂ ਹੋਈਆਂ ਹਨ। ਉਹ ਇਹਨਾਂ ਅਧਿਆਪਕਾਂ ਨੂੰ ਹਾਜ਼ਰ ਕਰਵਾਉਣ ਤੋਂ ਪਹਿਲਾਂ ਇਹਨਾਂ ਦੇ ਸਿਲੈਕਸ਼ਨ ਸਬੰਧੀ ਵੇਰਵੇ ਬਾਰਿਕੀ ਨਾਲ ਚੈੱਕ ਕਰਨਗੇ। ਇਹਨਾਂ ਨੂੰ ਹਾਜ਼ਰ ਕਰਵਾਉਣ ਉਪਰੰਤ ਇਹਨਾਂ ਦਾ ਡਾਟਾ ਈ-ਪੰਜਾਬ ਪੋਰਟਲ ਤੇ ਅਪਲੋਡ ਕਰਵਾਉਣਾ ਯਕੀਨੀ ਬਣਾਉਣਗੇ।
4. ਸਬੰਧਤ ਅਧਿਆਪਕ।

25/09/2021

ਸਹਾਇਕ ਡਾਇਰੈਕਟਰ (ਸ:ਪ੍ਰ-2)

ਦ.ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ।